ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ ਨਗਰ।
(ਕੈਂਪ.ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8, ਐਸ.ਏ.ਐਸ ਨਗਰ)।
(email ID dpise.budget@punjabeducation.gov.in)
(ਬਜਟ ਸ਼ਾਖਾ)

ਵੱਲ,

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਅੰਮ੍ਰਿਤਸਰ, ਬਰਨਾਲਾ, ਬਠਿੰਡਾ, ਫਤਿਹਗੜ੍ਹ ਸਾਹਿਬ, ਫਰੀਦਕੋਟ, ਫਿਰੋਜਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਮੁਕਤਸਰ, ਮੋਗਾ, ਮਾਨਸਾ, ਨਵਾਂ ਸ਼ਹਿਰ, ਪਟਿਆਲਾ, ਰੋਪੜ, ਐਸ.ਏ.ਐਸ ਨਗਰ, ਸੰਗਰੂਰ, ਤਰਨਤਾਰਨ।

ਮੀਮੋ ਨੰ: ਈ- 469230- ਬਜਟ(7) 20 24 93 44 5
ਮਿਤੀ : 10-04-2024

ਵਿਸ਼ਾ:- ਅੰਦਰੂਨੀ ਪੜਤਾਲ ਸੰਸਥਾ (ਮਾਲ) ਵੱਲੋ ਕੀਤੇ ਗਏ ਆਡਿਟ ਦੇ ਪੈਡਿੰਗ ਆਡਿਟ ਪੈਰਿਆਂ ਨੂੰ ਸੈਟਲ ਕਰਨ ਅਤੇ ਬਣਦੀ ਰਿਕਵਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਦਾ ਧਿਆਨ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ ਦੇ ਗ.ਸ.ਪੱਤਰ ਨੰਬਰ 439 ਮਿਤੀ 27-03-2024 ਰਾਹੀ ਅੰਦਰੂਨੀ ਪੜਤਾਲ ਸੰਸਥਾ (ਮਾਲ) ਵੱਲੋ ਕੀਤੇ ਗਏ ਆਡਿਟ ਦੇ ਪੈਡਿੰਗ ਆਡਿਟ ਪੈਰਿਆਂ ਨੂੰ ਸੈਟਲ ਕਰਨ ਅਤੇ ਬਣਦੀ ਰਿਕਵਰੀ ਕਰਨ ਸਬੰਧੀ ਗ.ਸ.ਪੱਤਰ ਪ੍ਰਾਪਤ ਹੋਇਆ ਹੈ। ਅੰਦਰੂਨੀ ਪੜਤਾਲ ਸੰਸਥਾ (ਮਾਲ), ਵਿੱਤ ਵਿਭਾਗ ਪੰਜਾਬ, ਚੰਡੀਗੜ੍ਹ ਵੱਲੋਂ ਆਪ ਦੇ ਅਧੀਨ ਆਉਦੇ ਦਫਤਰਾਂ/ਡੀ.ਡੀ.ਓਜ ਦੇ ਬਣਾਏ ਗਏ ਪੈਡਿੰਗ ਆਡਿਟ ਪੈਰਿਆਂ (ਡਿਟੇਲ ਨੱਥੀ) ਲੰਬੇ ਸਮੇ ਤੋ ਪੈਡਿੰਗ ਹਨ। ਪੰਜਾਬ ਰਾਜ ਦੇ ਵੱਖ-ਵੱਖ ਵਿਭਾਗਾਂ/ਅਦਾਰਿਆਂ ਵਿੱਚ ਆਡਿਟ ਦੇ ਕੰਮ ਕਾਜ ਵਿੱਚ ਵਧੇਰੇ ਪਾਰਦਰਸ਼ਤਾ, ਆਡਿਟ ਪੈਰਿਆਂ ਦੀ ਮੋਨੀਟਰਿੰਗ ਅਤੇ ਨਿਪਟਾਰੇ ਵਿੱਚ ਤੇਜੀ ਲਿਆਉਣ ਦੇ ਮੰਤਵ ਨਾਲ ਅੰਦਰੂਨੀ ਪੜਤਾਲ ਸੰਸਥਾ (ਮਾਲ) ਪੰਜਾਬ ਵੱਲੋ Audit Management System (AMS) ਪੰਜਾਬ ਰਾਜ ਵਿੱਚ ਅਧਿਕਾਰਤ ਤੌਰ ਤੇ ਲਾਗੂ ਹੋ ਚੁੱਕਾ ਹੈ। ਇਸ ਸਬੰਧੀ ams.punjab.gov.in ਤੇ IFMS ਡੀ.ਡੀ.ਓਜ਼ Credential ਨਾਲ login ਕਰਕੇ ਆਪਣੇ ਵਿਭਾਗ ਦੇ ਆਡਿਟ ਪੈਰਿਆਂ ਦੀ ਵਿਸਤ੍ਰਿਤ ਡਿਟੇਲ ਪ੍ਰਾਪਤ ਕੀਤੀ ਜਾ ਸਕਦੀ ਹੈ।

ਉਪਰੋਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਸਕੱਤਰ ਕਮ ਡਾਇਰੈਕਟਰ ਖਜਾਨਾ ਤੇ ਲੇਖਾ ਦੇ ਪੱਧਰ ਅਰਥ ਸਰਕਾਰੀ ਅਤੇ ਦਫਤਰੀ ਪੱਧਰ ਤੇ ਯਾਦ ਪੱਤਰਾਂ /ਟੈਲੀਫੋਨ ਵੱਟਸ-ਐਪਸ ਮੈਸਿਜ ਰਾਹੀ ਆਡਿਟ ਪੈਰਿਆਂ ਨੂੰ ਸਹੀ ਢੰਗ ਨਾਲ ਸੈਟਲ ਕਰਨ ਬਾਰੇ ਲਿਖਣ ਦੇ ਬਾਵਜੂਦ ਵੀ ਆਪ ਵੱਲੋ ਲੋੜੀਦੀ ਮੁਕੰਮਲ ਸੂਚਨਾ ਪ੍ਰਾਪਤ ਨਹੀ ਹੋਈ। ਜਿਸ ਨਾਲ ਆਡਿਟ ਪੈਰਿਆਂ ਦੀ ਸੈਟਲਮੇਟ ਵਿੱਚ ਕੋਈ ਪ੍ਰਗਤੀ ਨਹੀਂ ਹੋ ਰਹੀ ਹੈ।

ਉਪਰੋਕਤ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੀ ਡੀ.ਡੀ.ਓਆਈਡੀਜ਼ ਅਧੀਨ ਪੈਡਿੰਗ ਆਡਿਟ ਪੈਰਿਆਂ ਅਤੇ ਨੱਥੀ ਲਿਸਟ ਅਨੁਸਾਰ ਜਿਲ੍ਹਾ ਅੰਦਰੂਨੀ ਪੜਤਾਲ ਸੰਸਥਾ (ਮਾਲ) ਨਾਲ ਤਾਲਮੇਲ ਕਰਕੇ ਪੈਰੇ ਸੈਟਲ ਕਰਨ ਉਪਰੰਤ ਤੁਰੰਤ ਰਿਪੋਰਟ ਇਸ ਦਫਤਰ ਨੂੰ ਮਿਤੀ 16-04-2024 ਨੂੰ ਹਰ-ਹਾਲਤ ਵਿੱਚ ਪੁੱਜਦੀ ਕੀਤੀ ਜਾਵੇ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਡੀ.ਡੀ.ਕੋਡ ਆਪ ਦੇ ਜਿਲ੍ਹੇ ਨਾਲ ਸਬੰਧਤ ਨਹੀ ਹੋਣ ਉਹ ਜਿਸ ਜਿਲ੍ਹੇ ਨਾਲ ਸਬੰਧਤ ਹਨ, ਉਨ੍ਹਾਂ ਨੂੰ ਟਰਾਂਸਫਰ /ਨਿਪਟਾਰਾ ਕਰਵਾ ਕੇ ਰਿਪੋਰਟ ਇਸ ਦਫਤਰ ਨੂੰ ਭੇਜੀਂ ਜਾਵੇ।

ਨੱਥੀ ਲਿਸਟ

10/04/24
ਸੁਪਰਡੰਟ ਬਜਟ

ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

Scanned with OKEN Scanner

ਪਿਠਅੰਕਣ ਨੰ: ਅ-4/1( )2024/ ਮਿਤੀ: 12.4.2024

ਉਪਰੋਕਤ ਦਾ ਉਤਾਰਾ ਸਮੂਹ ਸਸਸਸ/ਸੰਹਸ/ਸਮਸ ਜਿਲਾ ਬਠਿੰਡਾ ਨੂੰ ਭੇਜਕਰ ਲਿਖਿਆ ਜਾਦਾ ਹੈ ਕਿ ਨਾਲ ਨੱਥੀ ਲਿਸਟ ਅਨੁਸਾਰ ਆਡਿਟ ਪੈਰੇ ਸੈਟਲ ਕਰਵਾ ਕੇ ਰਿਪ'ਰਟ ਇਸ ਦਫਤਰ ਵਿਖੇ ਮਿਤੀ 15.4.24 ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਜਿਲਾ ਸਿਖਿਆ ਅਫਸਰ (ਸੈ ਸਿ)
ਬਠਿੰਡਾ

12/4/24

Scanned with OKEN Scanner